# ਤਤਕਾਲ ਸੁਝਾਅ

1 ਰੀਕੋ ਦੀ ਵੈਬਸਾਈਟ ਤੇ ਰੀਅਲ ਐਸਟੇਟ ਪ੍ਰੋਫੈਸ਼ਨਲ ਦੀ ਖੋਜ਼ ਸੁਵਿਧਾ ਦੀ ਵਰਤੋਂ ਕਰਕੇ ਆਪਣੇ ਰੀਅਲ ਐਸਟੇਟ ਪ੍ਰੋਫੈਸ਼ਨਲ ਦੀ ਰਜਿਸਟ੍ਰੇਸ਼ਨ ਦੀ ਪੁਸ਼ਟੀ ਨੂੰ ਯਕੀਨੀ ਬਣਾਓ। ਓਂਟਾਰੀਓ ਵਿੱਚ, ਰੀਅਲ ਐਸਟੇਟ ਵਿੱਚ ਵਪਾਰ ਕਰਨ ਲਈ, ਆਰਈਬੀਬੀਏ 2002 ਤਹਿਤ ਦਲਾਲਾਂ ਅਤੇ ਸੇਲਜ਼ਪਰਸਨਾਂ ਦਾ ਪੰਜੀਕ੍ਰਿਤ ਹੋਣਾ ਲਾਜ਼ਮੀਂ ਹੈ।

2 ਆਪਣੇ ਹਸਤਾਖ਼ਰ ਕਰਨ ਤੋਂ ਪਹਿਲਾਂ ਸਭ ਕੁੱਝ ਪੜ੍ਹਨਾ ਅਤੇ ਪ੍ਰਸ਼ਨ ਪੁੱਛਣਾ ਯਾਦ ਰੱਖੋ ਜੇਕਰ ਜਾਣਕਾਰੀ ਸਪੱਸ਼ਟ ਨਾ ਹੋਵੇ। ਸਮਝੌਤੇ ਕਾਨੂੰਨੀ ਤੌਰ ਤੇ ਬੰਧਨਕਾਰੀ ਇਕਰਾਰਨਾਮੇ ਹੁੰਦੇ ਹਨ ਇਸ ਲਈ ਇਹ ਮਹੱਤਵਪੂਰਣ ਹੈ ਕਿ ਤੁਸੀਂ ਨਿਯਮਾਂ ਅਤੇ ਸ਼ਰਤਾਂ ਨੂੰ ਸਮਝੋ। ਆਪਣੇ ਲਈ ਅਪ੍ਰਚਲਿਤ ਦਸਤਾਵੇਜਾਂ ਦਾ ਅਨੁਵਾਦ ਕਰਨ ਲਈ ਚਰਚਾ ਪ੍ਰਕਿਰਿਆ ਦੌਰਾਨ ਅਜਿਹੇ ਕਿਸੇ ਵਿਅਕਤੀ ਨੂੰ ਸ਼ਾਮਲ ਕਰਨਾ ਲਾਭਕਾਰੀ ਹੋ ਸਕਦਾ ਹੈ ਜਿਸ ਤੇ ਤੁਸੀਂ ਵਿਸ਼ਵਾਸ਼ ਕਰਦੇ ਹੋਵੋ।

3 ਆਪਣੇ ਪਰਿਵਾਰ ਜਾਂ ਦੋਸਤਾਂ ਨੂੰ ਉਨ੍ਹਾਂ ਦੇ ਰੀਅਲ ਐਸਟੇਟ ਦੇ ਅਨੁਭਵਾਂ ਬਾਰੇ ਪੁੱਛੋ ਅਤੇ ਜੇਕਰ ਉਹ ਤੁਹਾਡੇ ਲਈ ਇੱਕ ਵਿਸ਼ੇਸ਼ ਰੀਅਲ ਐਸਟੇਟ ਪ੍ਰੋਫੈਸ਼ਨਲ ਦੀ ਸਿਫਾਰਿਸ਼ ਕਰਦੇ ਹਨ।

## ਹੋਰ ਜਾਣਕਾਰੀ ਲਈ ਖੋਜ਼ ਕਰ ਰਹੇ ਹੋ?

ਰੀਕੋ ਜਨਤਕ ਹਿੱਤ ਨੂੰ ਕਿਵੇਂ ਸੁਰੱਖਿਅਤ ਕਰਦੀ ਹੈ ਇਸ ਤੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, ਕਿਰਪਾ ਕਰਕੇ www.reco.on.ca ਤੇ ਜਾਓ ਜਾਂ 1-800-245-6910 ਤੇ ਕਾਲ ਕਰੋ।

3300 ਬਲੋਰ ਸਟ੍ਰੀਟ ਵੈਸਟ
ਸੂਟ 1200, ਵੈਸਟ ਟਾਵਰ
ਟੋਰਾਂਟੋ, ਓਂਟੈਰੀਓ, ਕੈਨੇਡਾ M8X 2X2

ਟੈਲੀਫੋਨ (416) 207-4800 | 1-800-245-6910
ਫੈਕਸ (416) 207-4820

info@reco.on.ca
www.reco.on.ca

CONSUMER PROTECTION ONTARIO

ਰੀਕੋ ਕੰਜਿਊਮਰ ਪ੍ਰੋਟੈਕਸ਼ਨ ਓਂਟਾਰੀਓ ਦਾ ਭਾਗ, ਸਰਕਾਰ ਦੇ ਓਂਟਾਰੀਓ ਮੰਤਰਾਲੇ ਅਤੇ ਖਪਤਕਾਰ ਸੇਵਾਵਾਂ ਵਲੋਂ ਇੱਕ ਜਾਗਰੂਕਤਾ ਪ੍ਰੋਗਰਾਮ ਖਪਤਕਾਰਾਂ ਨੂੰ ਫੈਸਲਿਆਂ ਬਾਰੇ ਸੂਚਿਤ ਕਰਨ ਵਿੱਚ ਮਦਦ ਕਰਨ ਲਈ ਸਮਰਪਿੱਤ ਹੈ।



# ਇੱਕ ਘਰ ਖਰੀਦਣਾ ਹੈ ਜਾਂ ਵੇਚਣਾ ਹੈ?

RECO

Real Estate Council of Ontario

## ਇੱਕ ਰੀਅਲ ਐਸਟੇਟ ਪ੍ਰੋਫੈਸ਼ਨਲ ਨਾਲ ਕੰਮ ਕਰਨਾ

**ਇੱਕ ਘਰ ਖਰੀਦਣਾ ਜਾਂ ਵੇਚਣਾ ਸਭ ਤੋਂ ਵੱਡਾ ਟ੍ਰਾਂਜੈਕਸ਼ਨ ਹੁੰਦਾ ਹੈ ਜਿਸ ਦਾ ਸਾਡੇ ਵਿੱਚੋਂ ਬਹੁਤ ਸਾਰਿਆਂ ਨੇ ਕਦੇ ਸਾਹਮਣਾ ਨਹੀਂ ਕੀਤਾ ਹੋਵੇਗਾ।**



ਇਸ ਕਾਰਣ ਸੂਚਨਾ ਪ੍ਰਾਪਤ ਕਰਨਾ ਅਤੇ ਮਾਹਿਰ ਦੇ ਸੁਝਾਵ ਤੋਂ ਲਾਭ ਲੈਣਾ ਮਹੱਤਵਪੂਰਣ ਹੈ। ਜੇਕਰ ਤੁਸੀਂ ਇੱਕ ਪੰਜੀਕ੍ਰਿਤ ਰੀਅਲ ਐਸਟੇਟ ਪ੍ਰੋਫੈਸ਼ਨਲ ਨਾਲ ਕੰਮ ਕਰਨ ਦਾ ਫੈਸਲਾ ਕਰਦੇ ਹੋ, ਤਾਂ ਤੁਸੀਂ ਓਂਟਾਰੀਓ ਦੀ ਰੀਅਲ ਐਸਟੇਟ ਕੌਂਸਲ (RECO) ਤੋਂ ਵਡਮੁੱਲੀ ਖਪਤਕਾਰ ਸੁਰੱਖਿਆ ਦੇ ਵਾਧੂ ਲਾਭ ਸਮੇਤ ਖਰੀਦਣ ਅਤੇ ਵੇਚਣ ਦੀ ਪ੍ਰਕਿਰਿਆ ਬਾਰੇ ਜਾਣਨ ਤੇ ਮਦਦ ਪ੍ਰਾਪਤ ਕਰੋਗੇ।

ਓਂਟਾਰੀਓ ਵਿੱਚ ਸਾਰੇ ਦਲਾਲ ਅਤੇ ਸੇਲਜ਼ਪਰਸਨ ਰੀਕੋ ਨਾਲ ਪੰਜੀਕ੍ਰਿਤ ਹੁੰਦੇ ਹਨ, ਅਤੇ ਇਸ ਦੁਆਰਾ ਸੰਚਾਲਿਤ ਕੀਤੇ ਜਾਂਦੇ ਹਨ। ਰੀਕੋ ਦਾ ਕੰਮ ਇੱਕ ਉਚਿੱਤ, ਸੁਰੱਖਿਅਤ ਅਤੇ ਸੂਚਿਤ ਰੀਅਲ ਐਸਟੇਟ ਮਾਰਕੀਟਪਲੇਸ ਦਾ ਰੱਖਰਖਾਵ ਕਰਨ ਦੁਆਰਾ ਤੁਹਾਡੇ ਸ੍ਰੇਸ਼ਠ ਹਿੱਤਾਂ ਨੂੰ ਸੁਰੱਖਿਅਤ ਕਰਨਾ ਹੈ।



ਇਸ ਵਿੱਚ ਕਾਨੂੰਨ ਲਾਗੂ ਕਰਨਾ ਸ਼ਾਮਲ ਹੈ ਜਿਨ੍ਹਾਂ ਦਾ ਓਂਟਾਰੀਓ ਵਿੱਚ ਸਾਰੇ ਰੀਅਲ ਐਸਟੇਟ ਪ੍ਰੋਫੈਸ਼ਨਲਾਂ ਦਾ, ਪ੍ਰੋਵਿੰਸ਼ੀਅਲ ਸਰਕਾਰ ਦੇ ਅਧਾਰ ਤੇ ਪਾਲਣਾ ਕਰਨਾ ਜਰੂਰੀ ਹੈ। ਇੱਕ ਰੀਅਲ ਐਸਟੇਟ ਪ੍ਰੋਫੈਸ਼ਨਲ ਨਾਲ ਕੰਮ ਕਰਨ ਤੋਂ ਭਾਵ ਹੈ ਕਿ ਤੁਸੀਂ ਸਵੈਚਾਲਿਤ ਰੂਪ ਵਿੱਚ ਰੀਕੋ ਦੇ ਤਿੰਨ ਸੁਰੱਖਿਆ ਸਤੰਭਾਂ ਰਾਹੀਂ ਸਮਰੱਥਿਤ ਹੋ, ਇਨ੍ਹਾਂ ਸਮੇਤ:

### ਗਿਆਨ

ਰੀਅਲ ਐਸਟੇਟ ਪ੍ਰੋਫੈਸ਼ਨਲਾਂ ਨੂੰ ਸਿੱਖਿਆ ਕੋਰਸਾਂ ਨੂੰ ਪੂਰਾ ਕਰਨਾ ਚਾਹੀਦਾ ਹੈ ਇਸ ਤੋਂ ਪਹਿਲਾਂ ਕਿ ਉਨ੍ਹਾਂ ਨੂੰ ਰੀਅਲ ਐਸਟੇਟ ਵਿੱਚ ਵਪਾਰ ਕਰਨ ਲਈ ਇਜਾਜ਼ਤ ਦਿੱਤੀ ਜਾਏ, ਅਤੇ ਉਹ ਆਪਣੇ ਗਿਆਨ ਨੂੰ ਤਾਜਾ ਰੱਖਣ ਅਤੇ ਆਪਣੇ ਹੁਨਰਾਂ ਨੂੰ ਤੇਜ਼ ਰੱਖਣ ਲਈ ਹਰੇਕ ਦੋ ਸਾਲ ਬਾਅਦ ਲਾਜ਼ਮੀ ਚੱਲ ਰਹੇ ਸਿੱਖਿਆ ਕੋਰਸਾਂ ਨੂੰ ਪੂਰਾ ਕਰਦੇ ਹਨ।

### ਪ੍ਰੋਫੈਸ਼ਨਲ ਮਿਆਰਾਂ

ਓਂਟਾਰੀਓ ਵਿੱਚ ਸਾਰੇ ਦਲਾਲਾਂ ਅਤੇ ਸੇਲਜ਼ਪਰਸਨਾਂ ਨੂੰ ਪ੍ਰੋਫੈਸ਼ਨਲ ਮਿਆਰਾਂ ਨੂੰ ਕਾਇਮ ਰੱਖਣ ਦੀ ਲੋੜ ਹੁੰਦੀ ਹੈ ਜੋ ਨਿਰਪੱਖਤਾ, ਇਮਾਨਦਾਰੀ ਅਤੇ ਨਿਸ਼ਠਾ ਤੇ ਜੋਰ ਦਿੰਦੇ ਹਨ। ਉਨ੍ਹਾਂ ਨੂੰ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ ਜਿਨ੍ਹਾਂ ਨੂੰ ਖਪਤਕਾਰਾਂ ਦੀ ਸੁਰੱਖਿਆ ਲਈ ਡਿਜਾਇਨ ਕੀਤਾ ਹੁੰਦਾ ਹੈ।

### ਬੀਮਾ

ਜਮ੍ਹਾਂ ਬੀਮਾ ਤੁਹਾਨੂੰ ਮਨ ਦੀ ਸ਼ਾਂਤੀ ਪ੍ਰਦਾਨ ਕਰਦਾ ਹੈ ਇਹ ਜਾਣਦੇ ਹੋਏ ਕਿ ਖਰੀਦਦਾਰ ਦੀ ਜਮ੍ਹਾਂ ਰਾਸ਼ੀ ਨੂੰ ਵਿਸ਼ਵਾਸ਼ ਵਿੱਚ ਰੱਖਿਆ ਜਾਏਗਾ, ਅਤੇ ਇੱਕ ਦਲਾਲੀ ਦੁਆਰਾ ਘਾਟੇ, ਦੀਵਾਲੀਆਪਣ ਜਾਂ ਹੇਰਾਫੇਰੀ ਲਈ ਬੀਮਾ ਕੀਤਾ ਜਾਏਗਾ ਜਦੋਂ ਤੱਕ ਸੌਦਾ ਪੂਰਾ ਨਹੀਂ ਹੁੰਦਾ ਅਤੇ ਪੈਸੇ ਦਾ ਸਹੀ ਲੋਕਾਂ ਨੂੰ ਭੁਗਤਾਨ ਨਹੀਂ ਕੀਤਾ ਜਾਂਦਾ। ਇਸ ਤੋਂ ਇਲਾਵਾ, ਇੱਕ ਰੀਅਲ ਐਸਟੇਟ ਟ੍ਰਾਂਜੈਕਸ਼ਨ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਨਾਲ ਜੁੜੇ ਦਾਅਵਿਆਂ ਤੋਂ ਪੈਦਾ ਹੋਣ ਵਾਲੇ ਜੋਖਮਾਂ ਅਤੇ ਕਾਨੂੰਨੀ ਖਰਚਿਆਂ ਲਈ ਭੁਗਤਾਨ ਕਰਨ ਵਾਸਤੇ ਰੀਅਲ ਐਸਟੇਟ ਪ੍ਰੋਫੈਸ਼ਨਲਾਂ ਨੂੰ ਗਲਤੀਆਂ ਅਤੇ ਤਰੁੱਟੀਆਂ ਲਈ ਬੀਮਾ ਕਰਵਾਉਣਾ ਚਾਹੀਦਾ ਹੈ।

## ਰੀਕੋ ਕਿਵੇਂ ਮਦਦ ਕਰ ਸਕਦਾ ਹੈ

ਸੰਪੂਰਣ ਰੀਅਲ ਐਸਟੇਟ ਪ੍ਰੋਫੈਸ਼ਨਲ ਨੂੰ ਪ੍ਰਾਪਤ ਕੀਤਾ ਹੈ?

ਰੀਕੋ ਦੇ ਖੋਜ਼ ਫੰਕਸ਼ਨ (www.reco.on.ca/realestate-pro-search) ਦੀ ਜਾਂਚ ਕਰੋ ਇਹ ਯਕੀਨੀ ਬਣਾਉਣ ਲਈ ਕਿ ਕੀ ਉਹ ਓਂਟਾਰੀਓ ਵਿੱਚ ਰਜਿਸਟਰਡ ਹਨ। ਕੀ ਉਹ ਪਿਛਲੇ ਪੰਜ ਸਾਲਾਂ ਵਿੱਚ ਇੱਕ ਚਾਰਜ਼, ਸਜਾ ਜਾਂ ਅਨੁਸ਼ਾਸ਼ਨਾਤਮਿਕ ਫੈਸਲੇ ਦੇ ਪ੍ਰਭਾਵ ਹੇਠ ਆਏ ਸੀ ਇਨ੍ਹਾਂ ਸਮੇਤ ਤੁਸੀਂ ਉਨ੍ਹਾਂ ਦੇ ਦਲਾਲੀ ਸਥਾਨ, ਨਵੀਨਤਮ ਸੰਪਰਕ ਵੇਰਵਿਆਂ, ਅਤੇ ਪੰਜੀਕਰਣ ਇਤਿਹਾਸ ਬਾਰੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਰੀਕੋ ਦੀ ਸਾਈਟ ਖਰੀਦਣ ਅਤੇ ਵੇਚਣ ਦੀ ਪ੍ਰਕਿਰਿਆ ਲੱਭਣ ਵਿੱਚ ਤੁਹਾਡੀ ਮਦਦ ਕਰਨ ਲਈ ਵਧੇਰੇ ਜਾਣਕਾਰੀ ਦੀ ਸੁਵਿਧਾ ਵੀ ਪ੍ਰਦਾਨ ਕਰਦੀ ਹੈ।